ਦਫਤਰ ਡਿਪਟੀ ਕਮਿਸ਼ਨਰ-ਕਮ-ਜਿਲ੍ਹਾ ਮੈਜਿਸਟਰੇਟ, ਫਰੀਦਕੋਟ।
Office of the Deputy Commissioner-cum- District Magistrate, Faridkot.
(ਫੁੱਟਕਲ ਸ਼ਾਖਾ)

ਹੁਕਮ ਨੰਬਰ 413 /ਫਸ

ਇਸ ਦਫਤਰ ਵੱਲੋਂ ਹੁਕਮ ਨੰਬਰ 212/ਫਸ ਮਿਤੀ 23.03.2020, ਜੋ ਕਿ ਪਿ.ਅੰ.ਨੰ: 1587/ਫਸ ਮਿਤੀ 23.03.2020 ਰਾਹੀਂ ਜਿਲ੍ਹਾ ਫਰੀਦਕੋਟ ਦੀ ਹਦੂਦ ਅੰਦਰ ਕੋਰੋਨਾ ਵਾਇਰਸ ਦੇ ਫੈਲਾਓ ਨੂੰ ਰੋਕਣ ਵਾਸਤੇ ਕਰਫਿਊ ਲਗਾਇਆ ਗਿਆ ਸੀ।

ਜਿਵੇਂ ਕਿ ਪ੍ਰਾਈਵੇਟ ਅਨਏਡਡ ਸਕੂਲ ਐਸੋਸੀਏਸ਼ਨ (ਸੀ.ਬੀ.ਐਸ.ਈ./ ਆਈ.ਸੀ.ਐਸ.ਈ.) ਰਜਿਟਰਡ ਜਿਲ੍ਹਾ ਫਰੀਦਕੋਟ ਨੇ ਇਸ ਦਫਤਰ ਦੇ ਧਿਆਨ ਵਿੱਚ ਲਿਆਂਦਾ ਕਿ ਕੋਵਿਡ-19 ਦੀ ਮਹਾਂਮਾਰੀ ਕਾਰਨ ਪੰਜਾਬ ਸਰਕਾਰ ਵੱਲੋ ਮਿਤੀ 21.03.2020 ਦੀਆਂ ਹਦਾਇਤਾਂ ਅਨੁਸਾਰ ਸਾਰੇ ਸਕੂਲ ਬੰਦ ਪਏ ਹਨ। ਪਰੰਤੂ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਬੱਚਿਆ ਨੂੰ ਆਨਲਾਈਨ ਪੜ੍ਹਾਈ ਕਰਾਉਣ ਵਾਸਤੇ ਪ੍ਰਾਈਵੇਟ ਸਕੂਲਾਂ ਦੀ ਮੈਨੇਜਮੈਂਟਾਂ ਨੂੰ ਪੰਜਾਬ ਸਰਕਾਰ ਦੀਆਂ ਹਦਾਇਤਾਂ ਮਿਤੀ 03.05.2020 ਅਨੁਸਾਰ 50% ਸਟਾਫ ਨਾਲ ਸਕੂਲ ਖੋਲਣ ਦੀ ਪ੍ਰਵਾਨਗੀ ਦਿੱਤੀ ਜਾਵੇ।

ਪੰਜਾਬ ਸਰਕਾਰ, ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ, ਚੰਡੀਗੜ੍ਹ ਦੇ ਪੱਤਰ ਨੰ:SS/ACSH/2020/354 ਮਿਤੀ 03.05.2020 ਰਾਂਹੀ ਜਾਰੀ ਹਦਾਇਤਾਂ ਦੇ ਪੈਰਾ 5 ਦੇ ਸਬ ਪੈਰਾ (iv) ਤਹਿਤ, ਮੈਂ, ਕੁਮਾਰ ਸੌਰਭ ਰਾਜ, ਆਈ.ਏ.ਐਸ., ਜਿਲ੍ਹਾ ਮੈਜਿਸਟਰੇਟ, ਫਰੀਦਕੋਟ ਦੀ ਹਦੂਦ ਅੰਦਰ ਪ੍ਰਾਈਵੇਟ ਸਕੂਲਾਂ ਦੇ ਪ੍ਰਿੰਸੀਪਲਾਂ ਨੂੰ 10 ਕਰਮਚਾਰੀਆਂ ਦੇ ਸਟਾਫ ਸਹਿਤ ਬੱਚਿਆ ਨੂੰ ਆਨ-ਲਾਈਨ ਪੜ੍ਹਾਈ ਕਰਾਉਣ ਦੇ ਮੰਤਵ ਵਾਸਤੇ ਹੇਠ ਲਿਖੀਆਂ ਸ਼ਰਤਾਂ ਦੇ ਅਧਾਰ ਤੇ ਸੋਮਵਾਰ ਤੋ ਸ਼ਨੀਵਾਰ ਤੱਕ ਸਵੇਰੇ 09.00 ਵਜੇ ਤੋ ਬਾਅਦ ਦੁਪਹਿਰ 01.00 ਵਜੇ ਤੱਕ ਪ੍ਰਾਈਵੇਟ ਸਕੂਲ ਖੋਲਣ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ। ਇਸ ਸਮੇਂ ਬੱਚੇ ਸਕੂਲ ਨਹੀ ਆਉਣਗੇ ਅਤੇ ਨਾ ਹੀ ਬੱਚਿਆਂ ਦੇ ਮਾਪਿਆਂ ਨੂੰ ਸਕੂਲ ਵਿਖੇ ਬੁਲਾਇਆ ਜਾਵੇਗਾ:-

1) ਸਕੂਲ ਪ੍ਰਬੰਧਕ ਨੂੰ ਸਕੂਲ ਖੋਲਣ ਸਮੇਂ ਕੋਵਿਡ-19 ਦੇ ਚੱਲਦੇ ਇਸ ਦਫਤਰ ਵੱਲੋ ਜਾਰੀ ਉਕਤ ਹੁਕਮਾਂ ਨੂੰ ਲਾਗੂ ਕਰਨਾ ਯਕੀਨੀ ਬਨਾਉਣਗੇ ਅਤੇ ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਵੱਲੋ ਜਾਰੀ ਹਦਾਇਤਾਂ ਅਨੁਸਾਰ ਆਪਣੇ ਸਟਾਫ ਵਿੱਚ ਸਮਾਜਿਕ ਦੂਰੀ (ਘੱਟੋ ਘੱਟ 2 ਮੀਟਰ) ਬਣਾਈ ਰੱਖਣੀ ਯਕੀਨੀ ਬਨਾਉਣਗੇ।

2) ਸਕੂਲ ਪ੍ਰਬੰਧਕ ਸਕੂਲ ਖੋਲਣ ਤੋ ਪਹਿਲਾਂ ਸਕੂਲ ਦੀ ਬਿਲਡਿੰਗ ਨੂੰ ਸੈਨੀਟਾਈਜ਼ ਕਰਾਉਣਗੇ ਅਤੇ ਆਪਣੇ ਸਟਾਫ ਲਈ ਮਾਸਕ, ਹੈਂਡ ਸੈਨੀਟਾਈਜ਼ਰ, ਗਲਬਜ ਦਾ ਪ੍ਰਬੰਧ ਕਰਨਗੇ।

3) ਸਕੂਲ ਪ੍ਰਬੰਧਕ ਉਕਤ ਸਮੇਂ ਦੋਰਾਨ ਆਨ-ਲਾਈਨ ਪੜ੍ਹਾਈ ਸਬੰਧੀ ਹੀ ਕੰਮ ਕਰਨਗੇ। ਇਸ ਤੋ ਇਲਾਵਾ ਹੋਰ ਕੋਈ ਗਤੀਵਿਧੀ ਜਿਵੇਂ ਕਿ ਬੱਚਿਆ ਦੀ ਐਡਮੀਸ਼ਨ ਆਦਿ ਨਹੀ ਕੀਤੀ ਜਾਵੇਗੀ। ਅਜਿਹੀ ਸੂਚਨਾ/ਸ਼ਿਕਾਇਤ ਪ੍ਰਾਪਤ ਹੋਣ ਤੇ ਸਕੂਲ ਪ੍ਰਬੰਧਕ ਵਿਰੁੱਧ ਕਾਨੂੰਨ ਦੀਆਂ ਸਬੰਧਤ ਧਾਰਾਵਾਂ ਤਹਿਤ ਲੋੜੀਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਇਹ ਹੁਕਮ ਕਰਫਿਊ/ਲਾਕਡਾਊਨ ਦੋਰਾਨ ਲਾਗੂ ਰਹੇਗਾ।

ਇਹ ਹੁਕਮ ਅੱਜ ਮਿਤੀ 05-05-2020 ਨੂੰ ਮੇਰੇ ਹਸਤਾਖਰਾਂ ਅਤੇ ਮੋਹਰ ਅਦਾਲਤ ਨਾਲ ਜਾਰੀ ਕੀਤਾ ਗਿਆ।

(ਕੁਮਾਰ ਸੌਰਭ ਰਾਜ),ਆਈ.ਏ.ਐਸ.,
ਜਿਲ੍ਹਾ ਮੈਜਿਸਟਰੇਟ, ਫਰੀਦਕੋਟ

Scanned with CamScanner

ਪਿੱ:ਅੰ:ਨੰ:2510 /ਫਸ ਮਿਤੀ 05.05.2020

ਉਪਰੋਕਤ ਦਾ ਉਤਾਰਾ:-

1) ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ
2) ਵਧੀਕ ਮੁੱਖ ਸਕੱਤਰ, ਪੰਜਾਬ ਸਰਕਾਰ, ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ, ਚੰਡੀਗੜ੍ਹ
3) ਵਧੀਕ ਮੁੱਖ ਸਕੱਤਰ, ਪੰਜਾਬ ਸਰਕਾਰ, ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਚੰਡੀਗੜ੍ਹ
4) ਸਕੱਤਰ, ਪੰਜਾਬ ਸਰਕਾਰ,ਸਕੂਲੀ ਸਿੱਖਿਆ, ਚੰਡੀਗੜ੍ਹ
5) ਕਮਿਸ਼ਨਰ, ਫਰੀਦਕੋਟ ਮੰਡਲ, ਫਰੀਦਕੋਟ
6) ਸੀਨੀਅਰ ਕਪਤਾਨ ਪੁਲਿਸ, ਫਰੀਦਕੋਟ
7) ਉਪ ਮੰਡਲ ਮੈਜਿਸਟਰੇਟ, ਫਰੀਦਕੋਟ / ਕੋਟਕਪੂਰਾ ਅਤੇ ਜੈਤੋ
8) ਸਿਵਲ ਸਰਜਨ, ਫਰੀਦਕੋਟ
9) ਜਿਲ੍ਹਾ ਸਿੱਖਿਆ ਅਫਸਰ (ਸਕੈ:ਸਿੱ:)(ਐ:ਸਿੱ:), ਫਰੀਦਕੋਟ
10) ਜਿਲ੍ਹਾ ਵਿਕਾਸ ਅਤੇ ਪੰਚਾਇਤ ਅਫਸਰ, ਫਰੀਦਕੋਟ
11) ਜਿਲ੍ਹਾ ਲੋਕ ਸੰਪਰਕ ਅਫਸਰ, ਫਰੀਦਕੋਟ
12) ਡੀ.ਆਈ.ਓ., ਐਨ.ਆਈ.ਸੀ., ਫਰੀਦਕੋਟ
13) ਤਹਿਸੀਲਦਾਰ, ਫਰੀਦਕੋਟ, ਕੋਟਕਪੂਰਾ ਅਤੇ ਜੈਤੋ
14) ਬੀ.ਡੀ.ਪੀ.ਓ., ਫਰੀਦਕੋਟ, ਕੋਟਕਪੂਰਾ ਅਤੇ ਜੈਤੋ
15) ਸਮੂਹ ਪ੍ਰਾਈਵੇਟ ਸਕੂਲਾਂ ਦੇ ਪ੍ਰਬੰਧਕ

ਪਾਸ ਸੂਚਨਾ ਅਤੇ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

DISTRICT MAGISTRATE FARIDKOT

ਜਿਲ੍ਹਾ ਮੈਜਿਸਟਰੇਟ,
ਫਰੀਦਕੋਟ।

Scanned with CamScanner